# ਪੰਜਾਬੀ ਬੋਲੀ

# ਤੇ

# ਭਾਸ਼ਾ

ਸਮਾਜਿਕ ਜੀਵ ਹੋਣ ਕਾਰਨ ਮਨੁੱਖ ਦੂਜੇ ਮਨੁੱਖਾਂ ਨਾਲ ਆਪਣੇ ਮਨ ਦੇ ਹਾਵਾਂ - ਭਾਵਾਂ ਅਤੇ ਵਿਚਾਰਾਂ ਦਾ ਆਦਾਨ - ਪ੍ਰਦਾਨ ਕਰਦਾ ਹੈ ।

ਵਿਚਾਰਾਂ ਦੇ ਆਦਾਨ - ਪ੍ਰਦਾਨ ਦਾ ਸਾਧਨ ਭਾਸ਼ਾ ਹੈ । ਮਨੁੱਖ ਬਿਨਾਂ ਭਾਸ਼ਾ ਸੰਭਵ ਨਹੀਂ , ਭਾਸ਼ਾ ਬਿਨਾਂ ਮਨੁੱਖ ਸੰਭਵ ਨਹੀਂ । ਸਾਡੇ ਸਾਰੇ ਕਾਰਜ , ਸੰਚਾਰ ਅਤੇ ਸੋਚ ਦਾ ਮਾਧਿਅਮ ਭਾਸ਼ਾ ਹੀ ਹੈ ।

# ਭਾਸ਼ਾ ਦੇ ਦਰਜ਼ੇ -ਸੱਤ

# 1. ਮਾਤ - ਭਾਸ਼ਾ/ਮਾਂ - ਬੋਲੀ

ਉਹ ਭਾਸ਼ਾ ਜੋ ਬੱਚਾ ਆਪਣੇ ਘਰ ਪਰਿਵਾਰ ਤੋਂ ਆਪਣੇ - ਆਪ ਹੀ ਸਿੱਖ ਜਾਂਦਾ ਹੈ ਉਹ ਉਸ ਦੀ ਮਾਤ ਭਾਸ਼ਾ ਹੁੰਦੀ ਹੈ । ਪੰਜਾਬੀਆਂ ਦੀ ਮਾਤ - ਭਾਸ਼ਾ ਪੰਜਾਬੀ ਹੈ।

# 2. ਗਾਜ – ਭਾਸ਼ਾ

ਹਰ ਪ੍ਰਾਂਤ ਦੀ ਭਾਸ਼ਾ ਨੂੰ ਰਾਜ - ਭਾਸ਼ਾ ਦਾ ਦਰਜਾ ਪ੍ਰਾਪਤ ਹੁੰਦਾ ਹੈ । ਪੰਜਾਬ ਦੀ ਰਾਜ - ਭਾਸ਼ਾ ਪੰਜਾਬੀ ਹੈ ।

# ੩. ਰਾਸ਼ਟਰੀ - ਭਾਸ਼ਾ

ਹਰ ਦੇਸ਼ ਦੀ ਆਪਣੀ ਇੱਕ ਭਾਸ਼ਾ ਹੁੰਦੀ ਹੈ ਜੋ ਸਾਰੇ ਦੇਸ਼ ਨੂੰ ਇੱਕ ਸੂਤਰ ਵਿੱਚ ਬੰਨ੍ਹ ਕੇ ਰੱਖਦੀ ਹੈ । ਉਸ ਨੂੰ ਰਾਸ਼ਟਰੀ ਭਾਸ਼ਾ ਕਿਹਾ ਜਾਂਦਾ ਹੈ । ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਹੈ ।

# 4. ਅੰਤਰਰਾਸ਼ਟਰੀ - ਭਾਸ਼ਾ

ਉਹ ਭਾਸ਼ਾ ਜਿਹੜੀ ਕਿਸੇ ਦੇਸ਼ ਦੇ ਲੋਕਾਂ ਨੂੰ ਦੂਸਰੇ ਦੇਸ਼ਾਂ ਦੇ ਲੋਕਾਂ ਨਾਲ ਜੋੜਨ ਦਾ ਕੰਮ ਕਰੇ , ਉਸ ਨੂੰ ਅੰਤਰਰਾਸ਼ਟਰੀ ਭਾਸ਼ਾ ਕਿਹਾ ਜਾਂਦਾ ਹੈ , ਸਾਡੀ ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਹੈ ।

# 5. ਗੁਪਤ - ਭਾਸ਼ਾ

ਖ਼ਾਸ ਵਰਗ ਜਾਂ ਪੇਸ਼ੇ ਦੇ ਲੋਕ , ਖਾਸ ਹਾਲਤਾਂ ਲਈ ਗੁਪਤ ਜਾਂ ਕੋਡ - ਭਾਸ਼ਾ ਦੀ ਵਰਤੋਂ ਕਰਦੇ ਹਨ ਇਸ ਰਾਹੀਂ ਉਹ ਆਪਣਾ ਸੰਦੇਸ਼ ਵੀ ਸੀਮਤ ਘੇਰੇ ਤੱਕ ਰੱਖਦੇ ਹਨ । ਚੋਰਾਂ ਵਿੱਚ ਜਾਂ ਫ਼ੌਜ ਵਿੱਚ ਇਸ ਭਾਸ਼ਾ ਦੀ ਵਰਤੋਂ ਹੁੰਦੀ ਹੈ ।

# ਟਕਸਾਲੀ - ਭਾਸ਼ਾ

ਭਾਸ਼ਾ ਦਾ ਉਹ ਰੂਪ ਜਿਸਦੀ ਵਰਤੋਂ ਸਰਕਾਰੀ ਕੰਮ - ਕਾਜ, ਸਿੱਖਿਆ ਦੇ ਖੇਤਰ ਅਤੇ ਸੰਚਾਰ ਦੇ ਮਾਧਿਅਮ ਵਜੋਂ ਕੀਤੀ ਜਾਂਦੀ ਹੈ, ਉਸ ਨੂੰ ਉਸ ਭਾਸ਼ਾ ਦਾ ਟਕਸਾਲੀ ਰੂਪ ਮੰਨਿਆ ਜਾਂਦਾ ਹੈ ।

ਪੰਜਾਬੀ ਦਾ ਟਕਸਾਲੀ ਰੂਪ "ਮਾਝੀ" ਉਪ - ਬੋਲੀ/ਭਾਸ਼ਾ

# ਉਪ - ਭਾਸ਼ਾ

ਜਿਵੇਂ:- ਅਸੀਂ ਵੇਖਦੇ ਹਾਂ ਕਿ ਪੰਜਾਬੀ ਭਾਸ਼ਾ ਭਾਰਤੀ ਪੰਜਾਬ , ਪਾਕਿਸਤਾਨੀ ਪੰਜਾਬ , ਹਿਮਾਚਲ , ਹਰਿਆਣਾ ਤੇ ਦਿੱਲੀ ਦੇ ਕੁਝ ਭਾਗ ਆਦਿ ਵਿੱਚ ਵੀ ਬੋਲੀ ਜਾਂਦੀ ਹੈ ।

ਭਾਸ਼ਾ ਨੂੰ ਬੋਲਣ ਵਾਲਿਆਂ ਦੇ ਆਧਾਰ ʼ ਹੀ ਪੰਜਾਬੀ ਦੀਆਂ ਕਈ ਉਪ - ਭਾਸ਼ਾਵਾਂ ਹਨ ।

ਵੱਖ - ਵੱਖ ਉਪ - ਭਾਸ਼ਾਵਾਂ ਵਿੱਚ ਫ਼ਰਕ
ਬਹੁਤ ਥੋੜ੍ਹਾ ਹੁੰਦਾ ਹੈ ।

ਉਪ - ਭਾਸ਼ਾ , ਭਾਸ਼ਾ ਵਿੱਚੋਂ ਨਿਕਲੀ ਨਹੀਂ ਹੁੰਦੀ ਬਲਕਿ ਉਪ - ਭਾਸ਼ਾ ਤੇ ਭਾਸ਼ਾ ਦੋਵੇਂ ਇੱਕੋ ਸਮੇਂ ਵੱਖ - ਵੱਖ ਖੇਤਰਾਂ ਵਿੱਚ ਪ੍ਰਚਲਤ ਹੁੰਦੀਆਂ ਹਨ ।

ਵਿਗਿਆਨਕ ਵਿਕਾਸ ਸਦਕਾ ਸੰਚਾਰ ਤੇ ਆਵਾਜਾਈ ਦੇ ਵਧਦੇ ਸਾਧਨਾਂ ਕਾਰਨ ਉਪ - ਭਾਸ਼ਾਵਾਂ ਵਿਚਲਾ ਵਖਰੇਵਾਂ ਵੀ ਨਿਰੰਤਰ ਘਟਦਾ ਜਾ ਰਿਹਾ ਹੈ ।

ਉਪ - ਭਾਸ਼ਾ : ਇੱਕ ਪ੍ਰਾਂਤ ਜਾਂ ਇਲਾਕੇ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਦੇ ਵੱਖ - ਵੱਖ ਥਾਵਾਂ ਉੱਤੇ ਕਈ ਰੂਪ ਹੁੰਦੇ ਹਨ । ਇਸ ਨੂੰ ਉਪ - ਭਾਸ਼ਾ ਕਿਹਾ ਜਾਂਦਾ ਹੈ ।